# ਦਫ਼ਤਰ ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ, ਐਸ.ਏ.ਐਸ.ਨਗਰ

(ਦਫ਼ਤਰੀ ਅਮਲਾ ਸ਼ਾਖਾ, ਈ-ਮੇਲ ਆਈ.ਡੀ. medpipunjab@punjabeducation.gov.in)

(ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਈ-ਬਲਾਕ, ਚੌਥੀ ਮੰਜਿਲ)

**ਸੇਵਾ ਵਿਖੇ**

**ਸਮੂਹ ਜਿਲਾ ਸਿੱਖਿਆ ਅਫਸਰ (ਸੈਸਿ/ ਐਸਿ),**
**ਪੰਜਾਬ।**

**ਮੀਮੋ ਨੰ:: 465632/**2024190820

ਮਿਤੀ, ਐਸ.ਏ.ਐਸ.ਨਗਰ- 02.08.2024

ਵਿਸ਼ਾ- **ਦਰਜਾਚਾਰ ਕਰਮਚਾਰੀਆਂ ਦੀਆਂ ਆਮ ਬਦਲੀਆਂ ਸਾਲ 2024 ਸਬੰਧੀ।**

ਉਪਰੋਕਤ ਵਿਸ਼ੇ ਸਬੰਧੀ ਲਿਖਿਆ ਜਾਂਦਾ ਹੈ ਕਿ ਖੇਤਰੀ ਦਫਤਰਾਂ ਵਿੱਚ ਕੰਮ ਕਰਦੇ ਬਦਲੀ ਦੇ ਚਾਹਵਾਨ ਦਰਜਾਚਾਰ ਕਰਮਚਾਰੀਆਂ ਦੀਆਂ ਪ੍ਰਤੀਬੇਨਤੀਆਂ ਮਿਤੀ 10-08-2024 ਤੱਕ ਮੰਗੀਆਂ ਜਾਂਦੀਆਂ ਹਨ।

2.0 ਆਪਣੇ ਅਧੀਨ ਪੈਂਦੇ ਸਮੂਹ ਦਫਤਰਾਂ/ ਸਕੂਲਾਂ/ ਸੰਸਥਾਵਾਂ ਵਿੱਚ ਤੈਨਾਤ ਸਮੂਹ ਦਰਜਾਚਾਰ ਕਾਡਰ ਦੇ ਕਰਮਚਾਰੀਆਂ ਨੂੰ ਇਸ ਸਬੰਧੀ ਨੋਟ ਕਰਵਾ ਦਿੱਤਾ ਜਾਵੇ ਕਿ ਜੋ ਵੀ ਬਦਲੀਆਂ ਦੇ ਚਾਹਵਾਨ ਹੋਣ ਉਹ ਮਿਤੀ 09-08-2024 ਤੱਕ ਬਦਲੀਆਂ ਦੀਆਂ ਅਰਜੀਆਂ ਸਬੰਧਤ ਜਿਲੇ ਦੇ ਦਫਤਰ ਨੂੰ ਪੁੱਜਦੀਆਂ ਕਰ ਦੇਣ।

3.0 ਬਦਲੀਆਂ ਦੀਆਂ ਪ੍ਰਤੀ ਬੇਨਤੀਆਂ ਵਿੱਚ ਕਰਮਚਾਰੀਆਂ ਦੇ ਦਰਜ ਕੀਤੇ ਵੇਰਵੇ ਹੇਠ ਲਿਖੇ ਪ੍ਰਫਾਰਮੇ ਵਿੱਚ ਭਰਕੇ, ਸਾਰੀਆਂ ਪ੍ਰਤੀ ਬੇਨਤੀਆਂ ਪ੍ਰਫਾਰਮੇ ਨਾਲ ਨੱਥੀ ਕਰਕੇ ਭੇਜੀਆਂ ਜਾਣ-

ਜਿਲੇ ਦੇ ਨਾਮ_____________________

| ਲੜੀ ਨੰ | ਕਰਮਚਾਰੀ ਦਾ ਨਾਮ | ਅਹੁੱਦਾ | ਮੌਜੂਦਾ ਕੰਮ ਕਰਨ ਦਾ ਸਥਾਨ | ਮੰਗਿਆ ਗਿਆ ਸਟੇਸ਼ਨ | ਮੰਗੇ ਗਏ ਸਟੇਸ਼ਨ ਤੇ ਕਰਮਚਾਰੀ ਦੀ ਆਪਣੀ ਆਸਾਮੀ ਦੇ ਖਾਲੀ ਹੋਣ ਦੀ ਪੁਸ਼ਟੀ ਕੀਤੀ ਜਾਵੇ | ਕਰਮਚਾਰੀ ਦੀ ਮੌਜੂਦਾ ਸਟੇਸ਼ਨ ਤੇ ਠਹਿਰ | ਅਪਲਾਈ ਕੀਤੇ ਕਰਮਚਾਰੀ ਦੇ ਆਰਜੀ ਅਡਜਸਟਮੈਂਟ ਦੇ ਵੇਰਵੇ (ਹਾਂ ਜਾਂ ਨਹੀ) ਜੇਕਰ ਹਾਂ ਤਾਂ ਦਰਜ ਕੀਤੇ ਜਾਣ | ਵਿਸ਼ੇਸ਼ ਕਥਨ/ ਕੈਟਾਗਿਰੀ ਜਿਵੇਂ ਕਿ ਅੰਗਹੀਣ, ਕੈਂਸਰ/ ਕਰੋਨਿਕ, ਵਿਧਵਾ ਜਾਂ ਸ਼ਹੀਦ ਦੇ ਪਰਿਵਾਰ ਤੋਂ ਆਦਿ/ ਸ਼ਿਕਾਇਤ ਪੜਤਾਲ/ ਕੋਰਟ ਕੇਸ ਆਦਿ ਪੈਂਡਿੰਗ ਨਾ ਹੋਣ ਸਬੰਧੀ/ ਪ੍ਰਬੰਧਕੀ ਅਧਾਰ ਤੇ ਕੀਤੀ ਗਈ ਬਦਲੀ ਆਦਿ ਦੇ ਵੇਰਵੇ ਦਰਜ ਕੀਤੇ ਜਾਣ |
|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 |

**ਜਰੂਰੀ ਨੋਟ-**

1. ਦਰਜਾਚਾਰ ਕਰਮਚਾਰੀਆਂ ਦਾ ਅਹੁੱਦਾ ਸਪੱਸ਼ਟ ਲਿਖਿਆ ਜਾਵੇ ਕਿ ਉਹ ਸੇਵਾਦਾਰ, ਸਫਾਈ ਸੇਵਕ, ਚੌਕੀਦਾਰ ਆਦਿ ਹੈ ਅਤੇ ਉਸ ਦੇ ਵੱਲੋਂ ਮੰਗਿਆ ਗਿਆ ਸਟੇਸ਼ਨ ਵੀ ਉਸੇ ਅਹੁੱਦੇ ਅਨੁਸਾਰ ਹੀ ਖਾਲੀ ਹੈ।
2. ਸਮੂਹ ਕਰਮਚਾਰੀਆਂ ਨੂੰ ਆਪਣੇ ਪੱਧਰ ਤੇ ਸੂਚਿਤ ਕਰ ਦਿੱਤਾ ਜਾਵੇ ਕਿ ਹੁਣ ਬਦਲੀਆਂ ਦੀਆਂ ਪ੍ਰਤੀ- ਬੇਨਤੀਆਂ ਕੇਵਲ ਆਪਣੇ ਸਬੰਧਤ ਜਿਲਾ ਸਿੱਖਿਆ ਅਫਸਰ ਰਾਹੀਂ ਪ੍ਰਾਪਤ ਕੀਤੀਆਂ ਜਾਣਗੀਆਂ। ਸਿੱਧੇ ਡਾਕ ਰਾਹੀਂ, ਮੇਲ ਰਾਹੀਂ ਜਾਂ ਦਸਤੀ ਭੇਜੀਆਂ ਗਈਆਂ ਪ੍ਰਤੀ-ਬੇਨਤੀਆਂ ਸਵੀਕਾਰ ਨਹੀਂ ਕੀਤੀਆਂ ਜਾਣਗੀਆਂ ਅਤੇ ਕੋਈ ਵਿਚਾਰ ਨਹੀ ਕੀਤਾ ਜਾਵੇਗਾ।
3. ਬਦਲੀਆਂ ਦੀਆਂ ਪ੍ਰਤੀ-ਬੇਨਤੀਆਂ ਮਿਤੀ 09.08.2024 ਤੱਕ ਪ੍ਰਾਪਤ ਕਰਕੇ, ਉਕਤ ਪ੍ਰਫਾਰਮੇ ਸਹਿਤ ਮਿਤੀ 10.08.2024 ਨੂੰ ਸ਼ਾਮ 5:00 ਵਜੇ ਤੱਕ ਦਸਤੀ ਪੁੱਜਦੀਆਂ ਕੀਤੀਆਂ ਜਾਣ। ਇਸ ਉਪਰੰਤ ਬਦਲੀਆਂ ਸਬੰਧੀ ਕੋਈ ਡਾਕ / ਪ੍ਰਤੀ-ਬੇਨਤੀ ਪ੍ਰਾਪਤ ਨਹੀਂ ਕੀਤੀ ਜਾਵੇਗੀ।
4. ਜੇਕਰ ਕਰਮਚਾਰੀ ਵਲੋ ਆਪਣੇ ਸਬੰਧਤ ਜਿਲਾ ਸਿੱਖਿਆ ਅਫਸਰ ਨੂੰ ਬਦਲੀ ਸਬੰਧੀ ਦਿੱਤੀ ਗਈ ਪ੍ਰਤੀ ਬੇਨਤੀ ਦੇ ਵੇਰਵੇ ਇਸ ਦਫਤਰ ਵਿਖੇ ਨਹੀ ਭੇਜੇ ਜਾਂਦੇ ਤਾਂ ਇਸ ਦੀ ਨਿਰੋਲ ਜਿੰਮੇਵਾਰੀ ਆਪ ਦੀ ਨਿੱਜੀ ਹੋਵੇਗੀ।
5. ਉਕਤ ਪ੍ਰੋਫਾਰਮੇ ਵਿੱਚ ਆਪ ਵਲੋਂ ਦਰਜ ਕੀਤੀਆਂ ਗਈਆਂ ਪ੍ਰਤੀਬੇਨਤੀਆਂ ਤੋਂ ਇਲਾਵਾ ਬਦਲੀ ਸਬੰਧੀ ਕੋਈ ਵੀ ਕਰਮਚਾਰੀ ਦਾ ਕੇਸ ਪੈਂਡਿੰਗ ਨਾ ਹੋਣ ਸਬੰਧੀ ਸਰਟੀਫਿਕੇਟ ਦਿੱਤਾ ਜਾਵੇ।

02/08/24

ਸਹਾਇਕ ਡਾਇਰੈਕਟਰ ਦਫਤਰੀ ਅਮਲਾ